PUNJABI

ਇੰਨਟੈਨਸਿਵ ਇੰਗਲਿਸ਼ ਲੈਂਗੂਏਜ ਪ੍ਰੋਗਰਾਮ

# ਮਾਪਿਆਂ ਦੀ ਜਾਣਕਾਰੀ ਲਈ

# ਹੈਂਡਬੁੱਕ



The Pines School

| | |
|---|---|
| ਸਕੂਲ ਦਾ ਨਾਮ: | The Pines School |
| ਪਤਾ: | 42 Andrew Smith Drive, Parafield Gardens 5107 |
| ਫੋਨ: | (08) 8281 2199 |
| ਈਮੇਲ: | Priyanka.Sharma459@schools.sa.edu.au |
| ਸੰਪਰਕ ਫੋਨ ਨੰਬਰ: | (08) 8281 5906 |

Government of South Australia
Department for Education and Child Development

ਸਵਾਗਤ ਹੈ **The Pines School**

ਸਕੂਲ ਵਿਚ ਅਗਵਾਈ ਕਰਨ ਵਾਲੀ ਟੀਮ



Cherie Collings
Principal



Sam Konnis
Deputy Principal



Priyanka Sharma
Assistant Principal, IELC

# ਦੱਖਣੀ ਆਸਟ੍ਰੇਲੀਆ ਵਿੱਚ ਇੰਨਟੈਨਸਿਵ ਇੰਗਲਿਸ਼ ਪ੍ਰੋਗਰਾਮ ਅਤੇ ਨਵੇਂ ਆਉਣ ਵਾਲੇ ਲੋਕਾਂ ਵਾਸਤੇ ਪ੍ਰੋਗਰਾਮ ਬਾਰੇ

ਡਿਪਾਰਟਮੈਂਟ ਫ਼ਾਰ ਐਜੂਕੇਸ਼ਨ ਅਤੇ ਚਾਈਲਡ ਡਿਵੈਲਪਮੈਂਟ, ਆਸਟਰੇਲੀਆ ਵਿਚ ਆ ਰਹੇ ਨਵੇਂ ਵਿਦਿਆਰਥੀਆਂ ਲਈ ਅੰਗਰੇਜ਼ੀ ਭਾਸ਼ਾ ਸਿਖਣ ਵਿਚ ਸਹਾਇਤਾ ਪ੍ਰਦਾਨ ਕਰਦਾ ਹੈ। ਪ੍ਰਾਇਮਰੀ ਸਕੂਲਾਂ ਵਿਚ, ਇਸ ਪ੍ਰੋਗਰਾਮ ਨੂੰ ਇੰਨਟੈਨਸਿਵ ਇੰਗਲਿਸ਼ ਲੈਂਗੁਏਜ ਪ੍ਰੋਗਰਾਮ (ਆਈ.ਈ.ਐਲ.ਪੀ) ਕਿਹਾ ਜਾਂਦਾ ਹੈ ਅਤੇ ਸੈਕੰਡਰੀ ਸਕੂਲਾਂ ਵਿਚ ਇਸ ਨੂੰ ਨਿਊ ਅਰਾਇਵਲਸ ਪ੍ਰੋਗਰਾਮ (ਐਨ.ਏ.ਪੀ) ਕਿਹਾ ਜਾਂਦਾ ਹੈ।

ਸ਼ਰਨਾਰਥੀ ਅਤੇ ਪ੍ਰਵਾਸੀ ਪਿਛੋਕੜ ਵਾਲੇ ਵਿਦਿਆਰਥੀ ਆਪਣੀ ਮੁੱਖ ਧਾਰਾ ਦੇ ਸਕੂਲ ਸ਼ੁਰੂ ਕਰਨ ਤੋਂ ਪਹਿਲਾਂ ਇੱਕ ਆਈ.ਈ.ਐਲ.ਪੀ ਜਾਂ ਐਨ.ਏ.ਪੀ ਸੈਂਟਰ ਵਿੱਚ ਭਰਤੀ ਹੁੰਦੇ ਹਨ। ਇਥੇ ਸਤਾਰਾਂ ਪ੍ਰਾਇਮਰੀ ਕੇਂਦਰ, ਇਕ ਸੈਕੰਡਰੀ ਅਤੇ ਇਕ ਸੀਨੀਅਰ ਸੈਕੰਡਰੀ ਕੇਂਦਰ ਹੈ। ਪ੍ਰਾਇਮਰੀ ਸਕੂਲ ਦੇ ਵਿਦਿਆਰਥੀ ਤੁਹਾਡੇ ਘਰ ਦੇ ਸਭ ਤੋਂ ਨੇੜੇ ਦੇ ਕੇਂਦਰ ਵਿੱਚ ਦਾਖਲ ਹੋਣਗੇ। ਜੇ ਤੁਸੀਂ ਕਿਸੇ ਨਵੇਂ ਪਤੇ 'ਤੇ ਜਾਂਦੇ ਹੋ, ਤਾਂ ਇਸਦਾ ਅਰਥ ਹੋ ਸਕਦਾ ਹੈ ਕਿ ਤੁਹਾਡੇ ਬੱਚੇ ਨੂੰ ਕਿਸੇ ਹੋਰ ਸਕੂਲ ਵਿੱਚ ਆਈ.ਈ.ਐਲ.ਪੀ. ਕਰਨੀ ਪਵੇ।

## ਉਦੇਸ਼

ਆਈ.ਈ.ਐਲ.ਪੀ / ਐਨ.ਏ.ਪੀ ਵਿਦਿਆਰਥੀਆਂ ਨੂੰ ਹੇਠ ਲਿਖਿਆਂ ਚੀਜ਼ਾਂ ਕਰਨ ਦਾ ਮੌਕਾ ਦਿੰਦੀ ਹੈ:

- ਮੁੱਖ ਧਾਰਾ ਦੇ ਸਕੂਲਾਂ ਦੇ ਲਈ ਤਿਆਰੀ
- ਛੋਟੀਆਂ ਸ਼੍ਰੇਣੀਆਂ ਵਿਚ ਪਾਠਕ੍ਰਮ ਦੇ ਖੇਤਰਾਂ ਵਿਚ ਅੰਗਰੇਜ਼ੀ ਦੀ ਸਿੱਖਲਾਈ
- ਆਸਟ੍ਰੇਲੀਆ ਦੇ ਸਭਿਆਚਾਰਕ ਕੰਮਾਂ ਨੂੰ ਸਿੱਖਣਾ ਅਤੇ ਹਿੱਸਾ ਲੈਣਾ
- ਜਿੱਥੇ ਸੰਭਵ ਹੋਵੇ, ਪਹਿਲੀ (ਮਾਤਰ) ਭਾਸ਼ਾ ਵਿੱਚ ਸਹਾਇਤਾ ਪ੍ਰਾਪਤ ਕਰੋ
- ਆਸਟ੍ਰੇਲੀਆਈ ਸਮਾਜ ਵਿਚ ਰਹਿਣ ਲਈ ਆਤਮ ਵਿਸ਼ਵਾਸ ਪੈਦਾ ਕਰਨਾ

ਵਧੇਰੇ ਜਾਣਕਾਰੀ ਲਈ, ਸਕੂਲ ਨੂੰ ਇੱਕ ਆਈ.ਈ.ਐਲ.ਪੀ / ਐਨ.ਏ.ਪੀ ਬਰੋਸ਼ਰ ਲਈ ਪੁੱਛੋ, ਜੋ 20 ਭਾਸ਼ਾਵਾਂ ਵਿਚ ਉਪਲਬਧ ਹੈ।

## ਰਹਿਣ ਦਾ ਸਮਾਂ

ਆਈ.ਈ.ਐਲ.ਪੀ / ਐਨ.ਏ.ਪੀ ਵਿਚ ਰਹਿਣ ਦੀ ਲੰਬਾਈ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਇਥੇ ਪਹੁਚਣ ਤੇ ਤੁਹਾਡੇ ਬੱਚੇ ਨੇ ਕਿੰਨੀ ਸਕੂਲੀ ਪੜ੍ਹਾਈ ਕੀਤੀ ਹੈ ਅਤੇ ਅੰਗਰੇਜ਼ੀ ਦਾ ਪੱਧਰ ਕਿੰਨਾ ਹੈ। ਪ੍ਰਾਇਮਰੀ ਵਿਦਿਆਰਥੀ ਆਮ ਤੌਰ 'ਤੇ 12-18 ਮਹੀਨਿਆਂ ਲਈ ਆਈ.ਈ.ਐਲ.ਪੀ ਵਿੱਚ ਰਹਿੰਦੇ ਹਨ। ਸੈਕੰਡਰੀ ਵਿਦਿਆਰਥੀਆਂ ਲਈ ਇਹ ਸਮਾਂ 12-24 ਮਹੀਨੇ ਹੋ ਸਕਦਾ ਹੈ।

## ਜਮਾਤ ਨਿਰਧਾਰਤ ਕਰਨਾ

ਵਿਦਿਆਰਥੀਆਂ ਨੂੰ ਉਸ ਸਾਲ ਦੇ ਪੱਧਰ ਤੇ ਕਲਾਸਾਂ ਵਿੱਚ ਰੱਖਿਆ ਜਾਂਦਾ ਹੈ ਜੋ ਉਹਨਾਂ ਦੀ ਉਮਰ ਦੇ ਨਾਲ ਢੁਕਵੀਂਆ ਹਨ। ਕਲਾਸ ਵਿਚ ਵਿਦਿਆਰਥੀਆਂ ਦਾ ਇੰਗਲਿਸ਼ ਦਾ ਵੱਖ ਵੱਖ ਪੱਧਰ ਹੋਵੇਗਾ ਪਰ ਸਾਰੇ ਇਕੋ ਜਿਹੀ ਉਮਰ ਦੇ ਹੋਣਗੇ। ਇਹ ਮਹੱਤਵਪੂਰਨ ਹੈ ਕਿ ਬੱਚੇ ਉਨ੍ਹਾਂ ਦੋਸਤਾਂ ਨੂੰ ਲੱਭਣ ਜਿਹਨਾਂ ਨਾਲ ਉਹ ਆਪਣੇ ਆਪ ਨੂੰ ਸਬੰਧਤ ਮਹਿਸੂਸ ਕਰਦੇ ਹਨ।

## ਤਬਦੀਲੀ

ਜਦੋਂ ਵਿਦਿਆਰਥੀ ਮੁੱਖ ਧਾਰਾ ਦੀ ਕਲਾਸ ਵਿਚ ਦਾਖਲ ਹੋਣ ਲਈ ਤਿਆਰ ਹੁੰਦਾ ਹੈ, ਤਾਂ ਸਕੂਲ ਦੇ ਕਰਮਚਾਰੀ ਨਵੇਂ ਸਕੂਲ ਵਿਚ ਤਬਦੀਲੀ ਕਰਨ ਵਿਚ ਮਦਦ ਕਰਨਗੇ। ਇਹ ਆਮ ਤੌਰ ਤੇ ਉਨ੍ਹਾਂ ਦਾ ਸਥਾਨਕ ਸਕੂਲ ਹੋਵੇਗਾ। ਨਵੇਂ ਸਕੂਲ ਵਿਚ ਘੱਟੋ ਘੱਟ ਇੱਕ ਮੁਲਾਕਾਤ ਦਾ ਪ੍ਰਬੰਧ ਕੀਤਾ ਜਾਵੇਗਾ। ਜਿਵੇਂ ਹੀ ਤੁਹਾਡਾ ਬੱਚਾ ਨਵੇਂ ਸਕੂਲ ਨੂੰ ਸ਼ੁਰੂ ਕਰਦਾ ਹੈ, ਆਈ.ਈ.ਐਲ.ਪੀ / ਐਨ.ਏ.ਪੀ ਦਾ ਮੁਖੀ, ਨਵੇਂ ਅਧਿਆਪਕ ਨੂੰ ਇਕ ਵਿਸਥਾਰਤ ਐਗਜਿਟ ਰਿਪੋਰਟ ਭੇਜੇਗਾ।

## ਪਾਠਕ੍ਰਮ

ਆਈ.ਈ.ਐਲ.ਪੀ ਐਨ.ਏ.ਪੀ ਪਾਠਕ੍ਰਮ ਵਿਚ ਆਸਟ੍ਰੇਲੀਆਈ ਪਾਠਕ੍ਰਮ ਜਿਵੇਂ ਕਿ ਗਣਿਤ, ਸਿਹਤ ਜਾਂ ਭੂਗੋਲ ਆਦਿ ਦੇ ਵੱਖ-ਵੱਖ ਸਿੱਖਣ ਦੇ ਖੇਤਰਾਂ ਦੀਆਂ ਭਾਸ਼ਾ ਲੋੜਾਂ ਤੇ ਖਾਸ ਧਿਆਨ ਦਿਤਾ ਗਿਹੈ। ਅਧਿਆਪਕਾਂ ਨੂੰ ਅੰਗਰੇਜ਼ੀ ਭਾਸ਼ਾ ਦੇ ਵਿਕਾਸ ਦੇ ਕ੍ਰਮ ਦੀ ਸਮਝ ਹੈ ਅਤੇ ਵਿਦਿਆਰਥੀਆਂ ਨੂੰ ਸਮਾਜਿਕ ਸੰਚਾਰ ਦੀਆਂ ਲੋੜਾਂ ਦੇ ਨਾਲ ਨਾਲ ਪਾਠਕ੍ਰਮ ਵਿੱਚ ਸਿੱਖਣ ਲਈ ਤਿਆਰ ਕਰਦੇ ਹਨ। ਕਿਉਂਕਿ ਨਵੇਂ ਵਿਦਿਆਰਥੀ ਪੂਰੇ ਸਾਲ ਵਿੱਚ ਕਿਸੇ ਵੀ ਸਮੇਂ ਅਰੰਭ ਕਰ ਸਕਦੇ ਹਨ, ਅਧਿਆਪਕ ਇੱਕ ਅੰਗਰੇਜ਼ੀ ਭਾਸ਼ਾ ਪ੍ਰੋਗਰਾਮ ਪ੍ਰਦਾਨ ਕਰਦੇ ਹਨ ਜੋ ਕਲਾਸ ਵਿੱਚ ਦਾਖਲੇ ਦੇ ਸਮੇਂ ਸਿੱਖਣ ਦੀਆਂ ਲੋੜਾਂ ਦੇ ਮੁਤਾਬਿਕ ਹੁੰਦਾ ਹੈ।

ਪਾਠਕ੍ਰਮ ਦੀਆਂ ਚੋਣਾਂ ਨੂੰ ਬੜੇ ਧਿਆਨ ਨਾਲ ਬਣਾਇਆ ਗਿਆ ਹੈ ਕਿਉਂਕਿ ਇਸ ਪ੍ਰੋਗਰਾਮ ਵਿਚ ਸੀਮਿਤ ਸਮਾਂ ਹੁੰਦਾ ਹੈ। ਅਧਿਆਪਕਾਂ ਸਿੱਖਾਣ ਵਾਲੇ ਕੰਮਾ ਦੀ ਯੋਜਨਾ ਕਰਦੇ ਹਨ ਜੋ ਮੁੱਖ ਧਾਰਾ ਦੀਆਂ ਕਲਾਸਾਂ ਵਿਚ ਪਰਿਵਰਤਨ ਵਿਚ ਵਿਦਿਆਰਥੀਆਂ ਦੀ ਮਦਦ ਕਰਦਾ ਹੈ।

## ਪੜ੍ਹਾਉਨਾ ਤੇ ਮੁਲਾਂਕਣ ਕਰਨਾ

ਦੱਖਣੀ ਆਸਟ੍ਰੇਲੀਆ ਵਿਚ, ਆਈ.ਈ.ਐਲ.ਪੀ /ਐਨ.ਏ.ਪੀ ਅਧਿਆਪਕ ਅੰਗਰੇਜ਼ੀ ਨੂੰ ਵਾਧੂ ਭਾਸ਼ਾ ਦੇ ਤੌਰ 'ਤੇ ਸਿਖਾਉਣ ਵਿਚ ਨਿਪੁੰਨ ਹਨ। ਉਹ ਸਮਝਦੇ ਹਨ ਕਿ ਤੁਹਾਡੇ ਬੱਚੇ ਦਾ ਸਕੂਲ ਦਾ ਤਜਰਬਾ ਆਸਟਰੇਲੀਆ ਦੇ ਸਕੂਲਾਂ ਦੀਆਂ ਆਸਾਂ ਤੋਂ ਬਹੁਤ ਵੱਖਰਾ ਹੈ। ਅਧਿਆਪਕ ਵਿਦਿਆਰਥੀਆਂ ਨੂੰ ਕਲਾਸ ਦੇ ਵਿਚਾਰ-ਵਟਾਂਦਰੇ ਵਿਚ ਸ਼ਾਮਲ ਹੋਣ, ਸਵਾਲ ਪੁੱਛਣ, ਟੀਮਾਂ ਵਿਚ ਕੰਮ ਕਰਨ ਅਤੇ ਰਚਨਾਤਮਕ ਤੌਰ 'ਤੇ ਸੋਚਣ ਲਈ ਸਹਾਇਤਾ ਕਰਨਗੇ।

ਸਾਰੇ ਅਧਿਆਪਕ ਅੰਗ੍ਰੇਜ਼ੀ ਸਿਖਾਉਣ ਲਈ ਅਤੇ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਦਾ ਮੁਲਾਂਕਣ ਕਰਨ ਲਈ ਇੱਕ ਮੁਲਾਂਕਣ ਸਾਧਨ ਦੀ ਵਰਤੋਂ ਕਰਦੇ ਹਨ ਜਿਸਨੂੰ ਭਾਸ਼ਾ ਅਤੇ ਸਾਖਰਤਾ ਦੇ ਪੱਧਰ ਕਹਿੰਦੇ ਹਨ। ਤੁਹਾਡੇ ਬੱਚੇ ਦੀ ਤਰੱਕੀ ਹਰ ਇਕ ਮਿਆਦ ਨੂੰ ਰਿਕਾਰਡ ਕੀਤੀ ਜਾਂਦੀ ਹੈ। ਪ੍ਰਾਇਮਰੀ ਆਈ.ਈ.ਐਲ.ਪੀ ਵਿੱਚ, ਅਧਿਆਪਕ ਸਿੱਖਣ ਦੀ ਪ੍ਰਕਿਰਿਆ ਦਾ ਰਿਕਾਰਡ ਰਖਣ ਲਈ ਪ੍ਰਗਤੀ ਰਿਪੋਰਟ ਅਤੇ ਗਣਿਤ ਅਤੇ ਅੰਕਾਂ ਦੀ ਰਿਪੋਰਟ ਦਾ ਇਸਤੇਮਾਲ ਕਰਦੇ ਹਨ।









## ਦੋਭਾਸ਼ੀ ਸਕੂਲ ਸੇਵਾ ਅਧਿਕਾਰੀ

ਦੁਭਾਸ਼ਿਕ ਸਕੂਲ ਸੇਵਾ ਅਧਿਕਾਰੀ (ਬੀਐਸਐਸਓ) ਨਵੇਂ ਆਉਣ ਵਾਲਿਆਂ ਦੇ ਬੰਦੋਬਸਤ ਅਤੇ ਅੰਗਰੇਜ਼ੀ ਭਾਸ਼ਾ ਦੇ ਵਿਕਾਸ ਵਿਚ ਮਦਦ ਕਰਦੇ ਹਨ। ਉਹ ਵਿਦਿਆਰਥੀਆਂ ਦੀ ਵੱਖਰੇ ਤੌਰ 'ਤੇ ਜਾਂ ਛੋਟੇ ਸਮੂਹਾਂ ਵਿੱਚ ਮਦਦ ਕਰਦੇ ਹਨ। ਉਹ ਸਕੂਲ, ਵਿਦਿਆਰਥੀਆਂ ਅਤੇ ਮਾਪਿਆਂ ਦਰਮਿਆਨ ਸੰਚਾਰ ਵਿੱਚ ਮਦਦ ਵੀ ਕਰਦੇ ਹਨ। ਸਕੂਲ ਵਿਦਿਆਰਥਿਆਂ ਨੂੰ ਲੋੜੀਂਦੀ ਪਹਿਲੀ ਭਾਸ਼ਾ ਦੀ ਸਹਾਇਤਾ ਬਾਰੇ ਫੈਸਲਾ ਹਰ ਇਕ ਮਿਆਦ ਵਿਚ ਲੈਂਦਾ ਹੈ। ਇਹ ਸਹਾਇਤਾ ਬੀ ਐਸ ਐਸ ਓ ਦੀ ਉਪਲਬਧਤਾ 'ਤੇ ਨਿਰਭਰ ਕਰਦੀ ਹੈ।

## ਸੈਰ-ਸਪਾਟਾ ਅਤੇ ਸਕੂਲ ਦੇ ਪ੍ਰੋਗਰਾਮ

ਸੈਰ-ਸਪਾਟਾ ਤੇ ਸਕੂਲ ਦੇ ਪ੍ਰੋਗਰਾਮਾ ਵਿੱਚ ਸ਼ਮੂਲੀਅਤ ਵਿਦਿਆਰਥੀਆਂ ਨੂੰ ਸਥਾਨਕ ਅਤੇ ਵਿਆਪਕ ਭਾਈਚਾਰੇ ਬਾਰੇ ਜਾਣਨ ਵਿਚ ਮਦਦ ਕਰਦੀ ਹੈ ਅਤੇ ਆਈ.ਈ.ਐਲ.ਪੀ /ਐਨ.ਏ.ਪੀ ਪਾਠਕ੍ਰਮ ਦਾ ਹਿੱਸਾ ਹਨ। ਇਹ ਤਜਰਬੇ ਸੱਭਿਆਚਾਰਕ ਪ੍ਰਥਾਵਾਂ ਨੂੰ ਸਮਝਣ ਅਤੇ ਭਾਗ ਲੈਣ ਲਈ ਲੋੜੀਂਦੀ ਭਾਸ਼ਾ ਹਾਸਲ ਕਰਨ ਦਾ ਇੱਕ ਮੌਕਾ ਹਨ।

## ਆਵਾਜਾਈ

ਜਿਹੜੇ ਵਿਦਿਆਰਥੀ 10 ਸਾਲ ਤੋਂ ਘੱਟ ਉਮਰ ਦੇ ਹਨ ਅਤੇ ਜਿਹੜੇ ਸਕੂਲ ਤੋਂ 1.75 ਕਿਲੋਮੀਟਰ ਤੋਂ ਜ਼ਿਆਦਾ ਦੂਰ ਰਹਿੰਦੇ ਹਨ ਉਹ ਸਕੂਲ ਤੋਂ ਆਣ ਜਾਣ ਲਈ ਇਕ ਮਿੰਨੀ ਬੱਸ 'ਤੇ ਯਾਤਰਾ ਕਰਨ ਦੇ ਯੋਗ ਹੋ ਸਕਦੇ ਹਨ।

ਮਿੰਨੀ ਬਸਾਂ ਤੇ ਵਿਦਿਆਰਥੀ ਦੀ ਸੁਰੱਖਿਆ ਸਾਂਝੀ ਜ਼ਿੰਮੇਵਾਰੀ ਹੈ।

ਦੇਖਭਾਲ ਕਰਨ ਵਾਲਿਆਂ ਦੀ ਜ਼ਿੰਮੇਵਾਰੀ:

- ਵਿਦਿਆਰਥੀ ਤਿਆਰ ਹੋਨ ਅਤੇ ਸਵੇਰੇ ਬੱਸ ਦੀ ਉਡੀਕ ਕਰਦੇ ਹੋਨ
- ਜਦੋਂ ਦੁਪਹਿਰ ਨੂੰ ਵਿਦਿਆਰਥੀਆਂ ਨੂੰ ਘਰ ਛੱਡਿਆ ਜਾਂਦਾ ਹੈ, ਤੁਸੀ ਘਰ ਹੋਵੋ ਅਤੇ ਦਿਸਣਯੋਗ ਹੋਵੋ
- ਆਪਣੇ ਬੱਚੇ ਨਾਲ ਚੰਗੇ ਵਿਹਾਰ ਦੇ ਮਹੱਤਵ ਬਾਰੇ ਗੱਲ ਕਰੋ
- ਜੇਕਰ ਕਿਸੇ ਵੀ ਦਿਨ ਟਰਾਂਸਪੋਰਟ ਦੀ ਜ਼ਰੂਰਤ ਨਹੀਂ ਹੈ ਤਾਂ ਸਕੂਲ ਜਾਂ ਡਰਾਈਵਰ ਨੂੰ ਸੂਚਿਤ ਕਰੋ ।

ਵਿਦਿਆਰਥੀਆਂ ਦੀ ਜ਼ਿੰਮੇਵਾਰੀ:

- ਡ੍ਰਾਈਵਰ ਦੀਆਂ ਹਿਦਾਇਤਾਂ ਦਾ ਪਾਲਣ ਕਰੋ
- ਸੀਟਬੈਲਟ ਨੂੰ ਲਗਾਉ ਅਤੇ ਸਫ਼ਰ ਕਰਦੇ ਸਮੇਂ ਇਸਨੂੰ ਲਾਈ ਰੱਖੋ
- ਹੋਲੀ ਗੱਲ ਕਰੋ
- ਕੁਛ ਖਾਣਾ ਜਾਂ ਪੀਣਾ ਨਹੀਂ
- ਖੜੇ ਨਹੀ ਹੋਣਾ ਜਾਂ ਸੀਟਾਂ ਨਹੀਂ ਬਦਲਨਿਆ
- ਸਰੀਰ ਦਾ ਕੋਈ ਅੰਗ ਖਿੜਕੀ ਦੇ ਬਾਹਰ ਨਹੀਂ ਕਢਣਾ।

ਡ੍ਰਾਈਵਰ ਉਹਨਾਂ ਵਿਦਿਆਰਥੀਆਂ ਦੀ ਰਿਪੋਰਟ ਕਰਦੇ ਹਨ ਜੋ ਇਹਨਾਂ ਨਿਯਮਾਂ ਦੀ ਪਾਲਣਾ ਨਹੀਂ ਕਰਦੇ। ਜੇ ਵਿਹਾਰ ਜਾਰੀ ਰਹਿੰਦਾ ਹੈ, ਜਾਂ ਨਿਹਾਇਤ ਖਰਾਬ ਹੈ, ਤਾਂ ਬੱਚੇ ਨੂੰ ਘੱਟੋ ਘੱਟ ਇਕ ਦਿਨ ਲਈ ਬੱਸ ਵਿਚ ਸਫ਼ਰ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਂਦੀ। ਮਾਪਿਆਂ ਨੂੰ ਸੂਚਿਤ ਕੀਤਾ ਜਾਵੇਗਾ। ਜਿਵੇਂ ਕਿ ਵਿਦਿਆਰਥੀ ਨੂੰ ਮੁਅੱਤਲ ਨਹੀਂ ਕੀਤਾ ਜਾਂਦਾ, ਵਿਦਿਆਰਥੀ ਨੂੰ ਸਕੂਲ ਛਡਣ ਅਤੇ ਲਿਆਣ ਦੀ ਜਿੰਮੇਵਾਰੀ ਦੇਖਭਾਲਕਰਤਾ ਦੀ ਬਣ ਜਾਂਦੀ ਹੈ।

## ਸਕੂਲ ਬਾਰੇ ਜਾਣਕਾਰੀ

### ਸਕੂਲ ਦਾ ਸਮਾਂ

| ਸੋਮਵਾਰ – ਸ਼ੁਕਰਵਾਰ |
|---|
| 08:50 am – 03:00 pm |

ਘੰਟੀ ਵਜਣ ਦਾ ਸਮਾਂ

| Times | Activity |
|---|---|
| 08:30 am | ਵਿਦਿਆਰਥੀ ਸਕੂਲ ਦੇ ਮੈਦਾਨ ਵਿਚ ਦਾਖਲ ਹੋ ਸਕਦੇ ਹਨ |
| 08:40 am | ਸਕੂਲ ਸ਼ੁਰੂ |
| 08:50 am | ਪਾਠ |
| 10:40 am | ਅਰਾਮ ਲਈ ਬਰੇਕ |
| 11:00am | ਪਾਠ |
| 12:40 pm | ਦੁਪਹਿਰ ਦਾ ਭੋਜਨ ਖਾਓ |
| 12:50 pm | ਲੰਚ ਬ੍ਰੇਕ |
| 01:20 pm | ਪਾਠ |
| 03:00 pm | ਛੁਟੀ |

### ਹਾਜ਼ਰੀ / ਗੈਰਹਾਜ਼ਰੀ

ਦੱਖਣੀ ਆਸਟ੍ਰੇਲੀਆ ਵਿਚ, 6 ਤੋਂ 17 ਸਾਲ ਦੀ ਉਮਰ ਦੇ ਸਾਰੇ ਵਿਦਿਆਰਥੀਆਂ ਨੂੰ ਕਾਨੂੰਨ ਤੋਰ ਤੇ ਨਿਯਮਿਤ ਸਕੂਲ ਜਾਣਾ ਚਾਹੀਦਾ ਹੈ।

ਅਕਾਦਮਿਕ ਸਫਲਤਾ ਲਈ ਨਿਯਮਤ ਹਾਜ਼ਰੀ ਅਤੇ ਵਿਦਿਅਕ ਪ੍ਰੋਗਰਾਮਾਂ ਵਿਚ ਸਰਗਰਮ ਹਿੱਸੇਦਾਰੀ ਜ਼ਰੂਰੀ ਹੈ।

ਜੇ ਤੁਹਾਡਾ ਬੱਚਾ ਗ਼ੈਰ ਹਾਜ਼ਰੀ ਹੈ, ਤਾਂ ਕਿਰਪਾ ਕਰਕੇ ਸਕੂਲ ਨੂੰ ਫ਼ੋਨ ਜਾਂ ਲਿਖਤੀ ਰੂਪ ਵਿਚ ਸੂਚਿਤ ਕਰੋ।

ਜੇ ਤੁਸੀਂ ਜਾਣਦੇ ਹੋ ਕਿ ਤੁਹਾਡਾ ਬੱਚਾ ਪਰਿਵਾਰਕ ਕਾਰਨਾਂ ਕਰਕੇ 3 ਦਿਨਾਂ ਜਾਂ ਵੱਧ ਸਮੇਂ ਲਈ ਗ਼ੈਰ ਹਾਜ਼ਰ ਹੋਵੇਗਾ, ਤਾਂ ਉਸ ਦੀ ਛੁਟੀ ਤੋਂ ਪਹਿਲਾਂ ਇੱਕ ਛੋਟ ਫ਼ਾਰਮ ਭਰਨਾ ਅਤੇ ਪ੍ਰਿੰਸੀਪਲ ਦੁਆਰਾ ਮਨਜ਼ੂਰ ਹੋਣਾ ਜ਼ਰੂਰੀ ਹੈ।

### ਲੈਟਪਨ ਜਾਂ ਜਲਦੀ ਜਾਣਾ

ਇਕ ਵਿਦਿਆਰਥੀ ਜਿਹੜਾ ਦੇਰ ਨਾਲ ਆਵੇਗਾ:

☐ ਕਲਾਸਰੂਮ ਜਾਣ ਤੋਂ ਪਹਿਲਾਂ ਫਰੰਟ ਆਫਿਸ ਜਾਣਾ ਚਾਹੀਦਾ ਹੈ ਅਤੇ ਇੱਕ ਲੇਟ ਸਲਿਪ ਲੈਣੀ ਚਾਹੀਦੀ ਹੈ।
☐ ਤੁਰੰਤ ਕਲਾਸ ਵਿਚ ਜਾਣਾ ਚਾਹੀਦਾ ਹੈ।
☐ ਫਰੰਟ ਆਫਿਸ ਜਾਣਾ ਚਾਹੀਦਾ ਹੈ ਅਤੇ ਦੇਰ ਨਾਲ ਪਹੁੰਚਣ ਵਾਲੀ ਸ਼ੀਟ ਤੇ ਦਸਤਖਤ ਕਰਨੇ ਚਾਹੀਦੇ ਹਨ।
☐ ਵਿਦਿਆਰਥੀ ਦਫਤਰ ਵਿਖੇ ਸਾਈਨ ਇਨ ਕਰਨਾ ਲਾਜ਼ਮੀ ਹੈ।

ਵਿਦਿਆਰਥੀ ਜਿਸ ਨੂੰ ਛੇਤੀ ਜਾਣ ਦੀ ਲੋੜ ਹੈ:

☐ ਮਾਤਾ / ਪਿਤਾ / ਦੇਖਭਾਲ ਕਰਨ ਵਾਲੇ ਨੂੰ ਫਰੰਟ ਆਫਿਸ ਵਿੱਚ ਕਿਤਾਬ ਉੱਤੇ ਹਸਤਾਖਰ ਕਰਨੇ ਪੈਣਗੇ।
☐ ਮਾਪਿਆਂ / ਦੇਖਭਾਲ ਕਰਨ ਵਾਲੇ ਨੂੰ ਬੱਚੇ ਦੀ ਡਾਇਰੀ ਵਿੱਚ ਇੱਕ ਨੋਟ ਜ਼ਰੂਰ ਜ਼ਰੂਰ ਦੇਣਾ ਚਾਹੀਦਾ ਹੈ।
☐ ਮਾਤਾ ਪਿਤਾ / ਦੇਖਭਾਲ ਕਰਨ ਵਾਲੇ ਨੂੰ ਫਰੰਟ ਆਫਿਸ ਤੋਂ ਇੱਕ ਛੇਤੀ ਜਾਣ ਵਾਲੀ ਸਲਿੱਪ ਲੈਣੀ ਚਾਹੀਦੀ ਹੈ ਅਤੇ ਕਲਾਸਰੂਮ ਟੀਚਰ ਕੋਲ ਲੈ ਕੇ ਜਾਣੀ ਚਾਹੀਦੀ ਹੈ।
☐ ਮਾਤਾ ਪਿਤਾ / ਦੇਖਭਾਲ ਕਰਨ ਵਾਲੇ ਨੂੰ ਤੁਹਾਡੇ ਬੱਚੇ ਦੇ ਕਲਾਸਰੂਮ ਟੀਚਰ ਨਾਲ ਗੱਲ ਕਰਨੀ ਚਾਹੀਦੀ ਹੈ।
☐ ਵਿਦਿਆਰਥੀ ਦਫ਼ਤਰ ਵਿੱਚ ਸਾਈਨ ਆਊਟ ਕਰੋ।

## ਮੈਦਾਨ 'ਚ ਨਿਗਰਾਨੀ

ਵਿਦਿਆਰਥੀਆਂ ਨੂੰ 08:30 am ਤੋਂ ਪਹਿਲਾਂ ਜਾਂ 03:20 pm ਬਾਅਦ ਸਕੂਲ ਵਿਚ ਨਹੀਂ ਰਹਿਣਾ ਚਾਹੀਦਾ ਕਿਉਂ ਕਿ ਅਧਿਆਪਕ ਡਿਊਟੀ 'ਤੇ ਨਹੀਂ ਹੈ।

# ਵਿਦਿਆਰਥੀਆਂ ਦੀ ਸਿਹਤ ਅਤੇ ਸੁਰੱਖਿਆ

### ਬਚਿਆਂ ਲਈ ਸੁਰੱਖਿਅਤ ਵਾਤਾਵਰਨ

ਅਧਿਆਪਕ ਵਿਦਿਆਰਥੀਆਂ ਦੀ ਸੁਰੱਖਿਅਤ ਮਹਿਸੂਸ ਕਰਨ ਦੀ ਲੋੜ ਨੂੰ ਸਮਝਦੇ ਹਨ। ਉਹ ਵਿਦਿਆਰਥੀਆਂ ਨੂੰ ਖਤਰਨਾਕ ਹਾਲਤਾਂ, ਸਮੱਗਰੀ ਅਤੇ ਅਭਿਆਸਾਂ ਬਾਰੇ ਸਿਖਾਉਂਦੇ ਹਨ। ਕਲਾਸਰੂਮ ਜਾਂ ਖੇਡ ਦੇ ਮੈਦਾਨ ਵਿਚ ਜਾਂ ਡਿਜ਼ੀਟਲ ਮੀਡੀਆ ਰਾਹੀਂ ਧੱਕੇਸ਼ਾਹੀ ਬਰਦਾਸ਼ਤ ਨਹੀਂ ਕੀਤੀ ਜਾਂਦੀ।

ਮਾਪਿਆਂ ਅਤੇ ਅਧਿਆਪਕਾਂ ਦੀ ਜ਼ਿੰਮੇਵਾਰੀ ਹੁੰਦੀ ਹੈ ਕਿ ਬੱਚਿਆਂ ਨੂੰ ਤਕਨਾਲੋਜੀ ਦੀ ਵਰਤੋਂ ਕਰਦੇ ਸਮੇਂ ਉਚਿਤ ਨਿਗਰਾਨੀ ਦੁਆਰਾ ਖਤਰੇ ਤੋਂ ਬਚਾਉਣ।

ਇਹ ਕਾਨੂੰਨ ਦੁਆਰਾ ਜ਼ਰੂਰੀ ਹੈ ਕੀ ਸਕੂਲ ਤੇ ਉਨ੍ਹਾਂ ਦੇ ਸਟਾਫ ਬਚਿਆਂ ਪ੍ਰਤੀ ਦੁਰਵਿਹਾਰ ਜਾਂ ਅਣਗਹਿਲੀ ਨੂੰ ਚਾਇਲਡ ਅਬਯੂਸ ਰਿਪੋਰਟ ਲਾਈਨ ਤੇ ਦਸਣ।

### ਐਮਰਜੈਂਸੀ ਪ੍ਰਕਿਰਿਆਵਾਂ

ਸਾਰੇ ਸਕੂਲ ਐਮਰਜੈਂਸੀ ਪ੍ਰਕਿਰਿਆਵਾਂ ਦਾ ਅਭਿਆਸ ਕਰਦੇ ਹਨ ਤਾਂ ਕਿ ਵਿਦਿਆਰਥੀਆਂ ਨੂੰ ਪਤਾ ਹੋਵੇ ਕਿ ਕੀ ਕਰਨਾਂ ਹੈ ਜੇ ਵਿਹੜੇ ਜਾਂ ਇਮਾਰਤਾ ਅਸੁਰੱਖਿਅਤ ਹਨ।

ਇਮਾਰਤ ਖਾਲੀ ਕਰਨ ਦੇ ਅਭਿਆਸ ਦੌਰਾਨ, ਵਿਦਿਆਰਥੀ ਇਮਾਰਤ ਨੂੰ ਛੱਡ ਦਿੰਦੇ ਹਨ ਤੇ ਵਿਹੜੇ ਵਿਚ ਇਕੱਠੇ ਹੁੰਦੇ ਹਨ, ਜਿਵੇਂ ਕਿ ਅੱਗ ਲਗਣ ਦੇ ਸਮੇਂ। ਇਮਾਰਤ ਵਿਚ ਰਹਿਣ ਦੇ ਅਭਿਆਸ ਦੌਰਾਨ, ਵਿਦਿਆਰਥੀ ਯਾਰਡ ਛੱਡ ਦਿੰਦੇ ਹਨ ਅਤੇ ਇਮਾਰਤਾਂ ਵਿੱਚ ਸੁਰੱਖਿਅਤ ਰੱਖੇ ਜਾਂਦੇ ਹਨ।

### ਜੂਆਂ

ਸਾਲ ਦੇ ਕੁੱਝ ਸਮਿਆਂ 'ਤੇ ਸਿਰ ਦੀਆਂ ਜੂਆਂ ਆਮ ਹੁੰਦੀਆਂ ਹਨ। ਤੁਹਾਡੀ ਆਗਿਆ ਨਾਲ, ਸਟਾਫ਼ ਤੁਹਾਡੇ ਬੱਚੇ ਦੇ ਵਾਲਾਂ ਦੀ ਜਾਂਚ ਕਰੇਗਾ ਜੇਕਰ ਇਹਨਾਂ ਦੇ ਫੈਲਣ ਦਾ ਖਤਰਾ ਹੈ। ਜਦੋਂ ਸਿਰ ਦੀਆਂ ਜੂਆਂ ਮਿਲਦੀਆਂ ਹਨ, ਤਾਂ ਉਸ ਕਲਾਸ ਦੇ ਸਾਰੇ ਪਰਿਵਾਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਤਾਂ ਕਿ ਤੁਸੀਂ ਆਪਣੇ ਬੱਚੇ ਦੇ ਵਾਲਾਂ ਨੂੰ ਘਰ ਵਿਚ ਵੇਖ ਸਕੋ। ਜਦੋਂ ਤੱਕ ਇਲਾਜ ਵਾਲੇ ਸ਼ੈਂਪੂ ਦੀ ਵਰਤੋਂ ਨਹੀਂ ਹੋ ਜਾਂਦੀ ਅਤੇ ਸਾਰੇ ਆਂਡੇ ਹਟ ਨਹੀ ਜਾਂਦੇ ਉਦੋਂ ਤਕ ਵਿਦਿਆਰਥੀਆਂ ਨੂੰ ਘਰ ਰਹਿਣਾ ਚਾਹੀਦਾ ਹੈ।



ਜੂਆਂ ਦੀ ਜਾਂਚ ਕਰਨਾ

## ਗਰਮ ਜਾਂ ਨਮ ਮੌਸਮ

ਅਤਿ ਗਰਮੀ ਜਾਂ ਗਿਲੇ ਮੌਸਮ ਦੇ ਦਿਨ, ਵਿਦਿਆਰਥੀ ਰਿਸੇਸ ਦੌਰਾਨ ਤੇ ਲੰਚ ਦੇ ਸਮੇਂ,ਅੰਦਰ ਅਧਿਆਪਕਾਂ ਦੀ ਨਿਗਰਾਨੀ ਹੇਠ ਰਹਿੰਦੇ ਹਨ।

## ਬਿਮਾਰੀ / ਸੱਟ



ਬੀਮਾਰਾਂ ਲਈ ਕਮਰੇ ਦਿਆਂ ਸਹੂਲਤਾਂ

ਬੀਮਾਰ ਬੱਚੇ ਨੂੰ ਘਰ ਵਿਚ ਹੀ ਰਹਿਣਾ ਚਾਹੀਦਾ ਹੈ ਤਾਂ ਕਿ ਬੀਮਾਰੀਆਂ ਦੂਜਿਆਂ ਨੂੰ ਨਾ ਦਿੱਤੀਆਂ ਜਾਣ।

ਜੇ ਉਹ ਗੈਰ ਹਾਜ਼ਰ ਹਨ, ਤਾਂ ਕਿਰਪਾ ਕਰਕੇ ਸਕੂਲ ਨੂੰ ਸੂਚਿਤ ਕਰੋ। ਜਿਨ੍ਹਾਂ ਵਿਦਿਆਰਥੀਆਂ ਨਾਲ ਦੁਰਘਟਨਾ ਹੋਵੇ ਜਾਂ ਸਕੂਲ ਵਿਚ ਬਿਮਾਰ ਹੋਣ ਤਾਂ ਉਹਨਾਂ ਨੂੰ ਫਰੰਟ ਆਫਿਸ / ਬਿਮਾਰ ਕਮਰੇ ਵਿਚ ਲਿਆਂਦਾ ਜਾਂਦਾ ਹੈ। ਵਿਦਿਆਰਥੀਆਂ ਦਾ ਇਲਾਜ ਕੀਤਾ ਜਾਂਦਾ ਹੈ ਅਤੇ ਜੇ ਲੋੜ ਪਵੇ ਤਾਂ ਦੇਖਭਾਲ ਕਰਨ ਵਾਲਿਆਂ ਨੂੰ ਘਰ ਲਿਜਾਣ ਲਈ ਫੋਨ ਕੀਤਾ ਜਾ ਸਕਦਾ ਹੈ। ਵਧੇਰੇ ਗੰਭੀਰ ਸੱਟਾਂ ਜਾਂ ਬਿਮਾਰੀ ਲਈ ਐਂਬੂਲੈਂਸ ਬੁਲਾਈ ਜਾਂਦੀ ਹੈ।

## ਛੂਤ ਦੀਆਂ ਬਿਮਾਰੀਆਂ

ਸਕੂਲ ਦੇ ਪਹਿਲੇ ਕੁਝ ਸਾਲਾਂ ਵਿੱਚ ਬੱਚੇ ਨੂੰ ਕਈ ਕਿਸਮ ਦੇ ਇਨਫੈਕਸ਼ਨ ਹੋ ਸਕਦੇ ਹਨ। ਦੂਜਿਆਂ ਨੂੰ ਸੁਰੱਖਿਅਤ ਰੱਖਣ ਲਈ, ਵਿਦਿਆਰਥੀਆਂ ਨੂੰ ਬਿਮਾਰ ਹੋਣ ਤੇ ਘਰ ਰਹਿਣਾ ਚਾਹੀਦਾ ਹੈ। ਹੇਠਾਂ ਘਰ ਰਹਿਣ ਦੀ ਘੱਟੋ ਘੱਟ ਮਿਆਦ ਹੈ। ਤੁਹਾਡਾ ਡਾਕਟਰ ਪੁਸ਼ਟੀ ਕਰੇਗਾ ਕਿ ਕਿੰਨਾ ਚਿਰ ਤੁਹਾਡੇ ਬੱਚੇ ਨੂੰ ਘਰ ਵਿੱਚ ਆਰਾਮ ਕਰਨ ਦੀ ਲੋੜ ਹੈ।

| ਬਿਮਾਰੀ | ਘਰ ਰਹਿਣ ਦਾ ਸਮਾਂ |
|---|---|
| ਛੋਟੀ ਮਾਤਾ | ਚਟਾਕ ਦੀ ਦਿੱਖ ਤੋਂ 5 ਦਿਨ ਤਕ |
| ਅੱਖ ਆਣੀ | ਜਦੋਂ ਤੱਕ ਅੱਖਾਂ ਤੋਂ ਕੋਈ ਡਿਸਚਾਰਜ ਨਹੀਂ ਹੁੰਦਾ ਉਦੋਂ ਤਕ |
| (ਸਲੈਪ ਫੇਸ/ ਪੰਜਵਾਂ ਰੋਗ) | ਜਦੋਂ ਤਕ ਵਿਅਕਤੀ ਪੂਰੀ ਤਰ੍ਹਾਂ ਠੀਕ ਮਹਿਸੂਸ ਨਾ ਕਰਦਾ ਹੋਵੇ ਵਾਪਸ ਨਾ ਆਓ |
| ਗਲੈਂਡੂਲਰ ਬੁਖਾਰ | ਜਦੋਂ ਤਕ ਵਿਅਕਤੀ ਪੂਰੀ ਤਰ੍ਹਾਂ ਠੀਕ ਮਹਿਸੂਸ ਨਾ ਕਰਦਾ ਹੋਵੇ ਵਾਪਸ ਨਾ ਆਓ |
| ਹੱਥ ਫੁੱਟ ਅਤੇ ਮੂੰਹ ਦੀ ਬਿਮਾਰੀ | ਜਦੋਂ ਤੱਕ ਸਾਰੇ ਛਾਲੇ ਸੁੱਕ ਨਹੀ ਜਾਂਦੇ ਹਨ |
| ਇਮਪਟੀਗੋ (ਸਕੂਲ ਜ਼ਖਮ) | ਅਸਰਦਾਰ ਡਾਕਟਰੀ ਇਲਾਜ ਸ਼ੁਰੂ ਹੋਣ ਤੱਕ ਅਰਾਮ ਕਰੋ।<br>ਖੁੱਲ੍ਹੇ ਜ਼ਖਮਾਂ ਨੂੰ ਢੱਕਣਾ ਚਾਹੀਦਾ ਹੈ। |
| ਫਲੂ ਤੇ ਠੰਢ | ਜਦੋਂ ਤਕ ਵਿਅਕਤੀ ਪੂਰੀ ਤਰ੍ਹਾਂ ਠੀਕ ਮਹਿਸੂਸ ਨਾ ਕਰਦਾ ਹੋਵੇ ਵਾਪਸ ਨਾ ਆਓ |
| ਮੀਜ਼ਲਜ਼ | ਧੱਫੜ ਦੇ ਆਉਣ ਤੋਂ 4 ਦਿਨ ਤਕ |
| ਮੰਪਸ | 9 ਦਿਨ ਜਾਂ ਸੁੱਜਣ ਘਟਣ ਤਕ |
| ਦਾਦ | ਡਾਕਟਰੀ ਇਲਾਜ ਸ਼ੁਰੂ ਹੋਣ ਤੋਂ ਅਗਲੇ ਦਿਨ ਤੱਕ |
| ਰੂਬੈਲਾ (ਜਰਮਨ ਮੀਸਮਲਜ਼) | ਧੱਫੜ ਦਿਖਣ ਤੋਂ 5 ਦਿਨ ਤੱਕ |
| ਖੁਰਕ | ਡਾਕਟਰੀ ਇਲਾਜ ਸ਼ੁਰੂ ਹੋਣ ਤੋਂ ਅਗਲੇ ਦਿਨ ਤੱਕ |
| ਕਾਲੀ ਖੰਘ | ਰੋਗਾਣੂਨਾਸ਼ਕ ਇਲਾਜ ਸ਼ੁਰੂ ਕਰਨ ਤੋਂ ਪੰਜ ਦਿਨ ਤੱਕ |

## ਦਵਾਈਆਂ

ਦੇਖਭਾਲ ਕਰਨ ਵਾਲਿਆਂ ਨੂੰ ਫਰੰਟ ਆਫਿਸ ਵਿਚ ਬੀਮਾਰੀਆਂ ਅਤੇ ਐਲਰਜੀ ਲਈ ਜਾਣਕਾਰੀ ਅਤੇ ਦਵਾਈਆਂ ਦੇਣ ਲਈ ਕਿਹਾ ਜਾਂਦਾ ਹੈ, ਜਿਸ ਵਿੱਚ ਦਮਾ ਵੀ ਸ਼ਾਮਲ ਹੈ।(ਇੱਕ ਹਸਤਾਖਰਤ ਮੈਡੀਕਲ ਯੋਜਨਾ, ਜੋ ਡਾਕਟਰ ਦੁਆਰਾ ਮੁਕੰਮਲ ਕੀਤੀ ਗਈ ਹੈ, ਉਹਨਾਂ ਵਿਦਿਆਰਥੀਆਂ ਲਈ ਲੋੜੀਂਦੀ ਹੈ ਜਿਨ੍ਹਾਂ ਨੂੰ ਦਵਾਈਆਂ ਦੀ ਨਿਰੰਤਰ ਲੋੜ ਹੁੰਦੀ ਹੈ)।

ਸਟਾਫ਼ ਬੀਮਾਰ ਵਿਦਿਆਰਥੀਆਂ ਨੂੰ ਵੀ ਕੋਈ ਵੀ ਦਵਾਈ ਦੇਣ ਤੋਂ ਅਸਮਰੱਥ ਹੈ, ਪੈਨਾਡੋਲ ਵੀ ਨਹੀ। ਪਰ, ਸਿਖਲਾਈ ਪ੍ਰਾਪਤ ਅਮਲਾ ਆਪਣੀਆਂ ਦਵਾਈਆਂ ਲੈਣ ਵਾਲੇ ਵਿਦਿਆਰਥੀਆਂ ਦੀ ਸਹਾਇਤਾ ਜਾਂ ਨਿਗਰਾਨੀ ਕਰਨ ਦੇ ਯੋਗ ਹੁੰਦੇ ਹਨ।

## ਸਕੂਲ ਵਿਚ ਦੰਦਾਂ ਦਿਆਂ ਸੇਵਾਂਵਾ

ਦੱਖਣੀ ਆਸਟ੍ਰੇਲੀਆਈ ਡੈਂਟਲ ਸਰਵਿਸ 18 ਸਾਲ ਤੋਂ ਘੱਟ ਉਮਰ ਦੇ ਸਾਰੇ ਬੱਚਿਆਂ ਲਈ ਡੈਂਟਲ ਦੇਖਭਾਲ ਮੁਹੱਈਆ ਕਰਦੀ ਹੈ। ਇਹ ਸੇਵਾ ਮੁਫ਼ਤ ਹੈ ਜੇ ਤੁਹਾਡੇ ਕੋਲ ਇਹ ਹੈ:

• ਸੈਂਟਰਲਿੰਕ ਕਨਸੈਸ਼ਨ ਕਾਰਡ

• ਸਕੂਲ ਕਾਰਡ

• ਬਾਲ ਡੈਂਟਲ ਬੈਨੀਫਿਟਸ ਅਨੁਸੂਚੀ

ਜੇ ਬੱਚਾ ਇਹਨਾਂ ਵਿਚੋਂ ਕਿਸੇ ਵੀ ਇਕ ਦੁਆਰਾ ਕਵਰ ਨਹੀਂ ਹੈ, ਤਾਂ ਆਮ ਅਤੇ ਐਮਰਜੈਂਸੀ ਦੰਦਾਂ ਦੀ ਦੇਖਭਾਲ ਲਈ ਇੱਕ ਛੋਟੀ ਜਿਹੀ ਫ਼ੀਸ ਦਾ ਖਰਚਾ ਆਵੇਗਾ। ਸਮਾਂ ਲੈਣ ਲਈ ਹੇਠਾਂ ਲਿਖੇ ਕਲੀਨਿਕ ਨੂੰ ਫੋਨ ਕਰੋ। ਸਾਰੇ ਕਲਿਨਿਕ ਹਰ ਰੋਜ਼ ਖੁੱਲ੍ਹੇ ਨਹੀਂ ਹੁੰਦੇ।

| | |
|---|---|
| ਸਥਾਨਕ ਕਲੀਨਿਕ ਦਾ ਨਾਮ : | Salisbury Downs Dental Clinic |
| ਪਤਾ: | Hollywood Boulevard, Hollywood Plaza Shopping Centre, Salisbury Downs |
| ਫੋਨ: | (08) 8250 9254 |

ਐਮਰਜੈਂਸੀ ਵਿੱਚ, ਫ਼ੋਨ ਕਰੋ 1800 022 222.

## ਟੀਬੀ ਦੀ ਜਾਂਚ

ਰਾਇਲ ਐਡੀਲੇਡ ਹਸਪਤਾਲ (ਆਰ.ਏ.ਐਚ) ਚੈਸਟ ਕਲੀਨਿਕ ਹਰ ਸਾਲ ਤਪੈਦਿਕ (ਟੀ.ਬੀ.) ਟੈਸਟ ਕਰਨ ਲਈ ਆਈ.ਈ.ਐਲ.ਪੀ. ਸੈਂਟਰਾਂ ਵਿਚ ਜਾਂਦਾ ਹੈ। ਇਹ ਫੇਫੜਿਆਂ ਦੀ ਬਿਮਾਰੀ ਹੈ, ਅਤੇ ਬਹੁਤ ਸਾਰੇ ਦੂਸਰੇ ਮੁਲਕਾਂ ਵਿਚ ਆਮ ਹੁੰਦੀ ਹੈ। ਉੱਚ ਜੋਖਮ ਵਾਲੇ ਇਲਾਕਿਆਂ ਤੋਂ ਨੌਜਵਾਨਾਂ ਨੂੰ ਟੀ ਬੀ ਦੀ ਲਾਗ ਅਤੇ ਬਿਮਾਰੀ ਲਗਣ ਦਾ ਇੱਕ ਵੱਡਾ ਖਤਰਾ ਹੁੰਦਾ ਹੈ। ਤੁਹਾਡੀ ਸਹਿਮਤੀ ਨਾਲ, ਤੁਹਾਡੇ ਬੱਚੇ ਦੀ ਜਾਂਚ ਕੀਤੀ ਜਾਵੇਗੀ।

ਇਸ ਵਿਚ ਆਰ.ਏ.ਐਚ ਛਾਤੀ ਕਲੀਨਿਕ ਵਲੋਂ 2 ਦੌਰੇ ਸ਼ਾਮਲ ਹਨ (3 ਦਿਨ ਦੇ ਵਕਫੇ ਤੇ) , ਸਭ ਤੋਂ ਪਹਿਲਾਂ ਟਿਊਬਰਕਲਿਨ ਚਮੜੀ ਟੈਸਟ ਦੇਣ ਲਈ ਤੇ ਫੇਰ ਪ੍ਰਤੀਕ੍ਰਿਆ ਨੂੰ ਮਾਪਣ ਲਈ। ਉਹ ਵਿਦਿਆਰਥੀ ਜਿਨ੍ਹਾਂ ਨੂੰ ਟੀ ਬੀ ਦਾ ਸਾਹਮਣਾ ਕਰਨਾ ਪਿਆ ਹੈ ਉਨ੍ਹਾਂ ਇਲਾਜ ਲਈ ਗੋਲੀਆਂ ਦੇ ਕੋਰਸ ਦੀ ਲੋੜ ਹੈ। ਸਾਰੀਆਂ ਸੇਵਾਵਾਂ ਮੁਫਤ ਹਨ।



ਦੌਰਾ 1 – ਟਿਊਬਰਕਲਿਨ ਚਮੜੀ ਟੈਸਟ



ਦੌਰਾ 2 – ਪ੍ਰਤੀਕ੍ਰਿਆ ਨੂੰ ਮਾਪਣਾ

# ਸਕੂਲ ਦੀਆਂ ਪ੍ਰਕਿਰਿਆਵਾਂ



ਵਿਦਿਆਰਥੀਆਂ ਦੇ ਸਿੱਖਣ ਦੇ ਅਧਿਕਾਰ




ਵਿਦਿਆਰਥੀਆਂ ਦਾ ਸੁਰੱਖਿਅਤ ਮਹਿਸੂਸ ਕਰਨ ਦਾ ਅਧਿਕਾਰ

## ਰਵੱਈਏ ਦੀ ਉਮੀਦ

ਸਕੂਲ ਵਿਚ ਵਰਤਾਓ ਦਾ ਤਰੀਕਾ ਹੁੰਦਾ ਹੈ ਜਿਸ ਦੀ ਵਿਦਿਆਰਥੀਆਂ ਵਲੋਂ ਪਾਲਣਾ ਕਰਨ ਦੀ ਆਸ ਕੀਤੀ ਜਾਂਦੀ ਹੈ।

ਉਹ ਵਿਹਾਰ ਜੋ ਵਿਦਿਆਰਥੀਆਂ ਦੇ ਸਿੱਖਣ ਦੇ ਅਧਿਕਾਰ ਦਾ ਆਦਰ ਕਰਦੇ ਹਨ ਅਤੇ ਅਧਿਆਪਕਾਂ ਦੇ ਸਿਖਾਉਣ ਦੇ ਅਧਿਕਾਰ ਦਾ ਆਦਰ ਕਰਦੇ ਹਨ, ਸਹੀ ਵਿਹਾਰ ਹਨ।

ਸਿੱਖਣ ਵਿਚ ਸਹਾਇਤਾ ਮਿਲਦੀ ਹੈ ਜਦੋਂ ਵਿਦਿਆਰਥੀਆਂ ਨੂੰ ਲਗਦਾ ਹੈ ਕੀ:

- ਸੁਰੱਖਿਅਤ ਅਤੇ ਮਹਿਫੂਜ ਹਨ
- ਸਬੰਧਤ ਮਹਿਸੂਸ ਕਰ ਰਿਹਾ ਹੈ ਅਤੇ ਉਸ ਦੀ ਦੇਖਭਾਲ ਕੀਤੀ ਜਾ ਰਹੀ ਹੈ
- ਮਹੱਤਵਪੂਰਨ ਲੋਕਾਂ ਦੇ ਰੂਪ ਵਿੱਚ ਪਛਾਣੇ ਜਾਂਦੇ ਹਨ
- ਸਭਿਆਚਾਰਕ ਅਤੇ ਧਾਰਮਿਕ ਮਤਭੇਦ ਦਾ ਆਦਰ ਕਰਨਾ
- ਚੰਗੇ ਫ਼ੈਸਲੇ ਅਤੇ ਚੋਣਾਂ ਕਰਨ ਦੇ ਸਮਰੱਥ ਹਨ
- ਸਕੂਲ ਦਾ ਆਨੰਦ ਮਾਣਦੇ ਹੋ
- ਸਫਲਤਾ ਪ੍ਰਾਪਤ ਕਰਦੇ ਹਨ।

ਅਧਿਆਪਕ ਅਤੇ ਵਿਦਿਆਰਥੀ ਕਲਾਸ ਦੇ ਨਿਯਮਾਂ ਨੂੰ ਇੱਕਠੇ ਤਯ ਕਰਦੇ ਹਨ। ਕਲਾਸ ਵਿਚ ਅਣਉਚਿਤ ਵਿਵਹਾਰ ਦਾ ਨਤੀਜਾ ਹੋ ਸਕਦਾ ਹੈ:

- ਨਿਯਮਾਂ ਅਤੇ ਹੋਈ ਚਰਚਾ ਨੂੰ ਯਾਦ ਕਰਾਣਾ
- ਕਲਾਸ 'ਟਾਈਮ ਆਊਟ'
- ਬੱਡੀ ਕਲਾਸ 'ਟਾਈਮ ਆਊਟ'
- ਦਫਤਰ 'ਟਾਈਮ ਆਊਟ'.

ਮੈਦਾਨ ਵਿਚ, ਆਮ ਨਿਯਮ ਹਨ ਜੋ ਸਾਰੇ ਵਿਦਿਆਰਥੀਆਂ ਲਈ ਲਾਜ਼ਮੀ ਹਨ। ਜੇ ਨਿਯਮ ਤੋੜਿਆ ਗਿਆ ਹੈ, ਤਾਂ ਵਿਦਿਆਰਥੀਆਂ ਤੋਂ ਖੇਡਣ ਦਾ ਅਧਿਕਾਰ ਖੋਹ ਲਿਆ ਜਾਂਦਾ ਹੈ। ਉਨ੍ਹਾਂ ਨੂੰ ਬਾਹਰ ਬੈਠਣਾ ਪੈਂਦਾ ਹੈ ਅਤੇ ਆਪਣੇ ਵਤੀਰੇ ਬਾਰੇ ਸੋਚਣਾ ਪੈਂਦਾ ਹੈ।

ਟਾਈਮ ਆਊਟ

ਜੇ ਵਿਦਿਆਰਥੀ ਦਾ ਵਿਹਾਰ ਬਹੁਤ ਜ਼ਿਆਦਾ ਜਾਂ ਲਗਾਤਾਰ ਅਣਉਚਿਤ ਹੈ, ਤਾਂ ਸਕੂਲ:

- ਘਰ ਨਾਲ ਸੰਪਰਕ ਕਰੇਗਾ ਅਤੇ ਸੰਭਾਲਕਰਤਾ ਨਾਲ ਮੀਟਿੰਗ ਰਖੇਗਾ
- ਕਈ ਤਰ੍ਹਾਂ ਦੇ ਤਰਕਪੂਰਣ ਨਤੀਜਿਆਂ ਦੀ ਵਰਤੋਂ ਕਰੇਗਾ
- ਵਿਦਿਆਰਥੀ ਨੂੰ ਘਰ ਭੇਜੇਗਾ ਜਾਂ ਸਕੂਲ ਤੋਂ ਮੁਅੱਤਲ / ਬਾਹਰ ਕੱਢੇਗਾ

ਕਾਰਗਰ ਸਜ਼ਾ, ਜਿਵੇਂ ਕਿ ਮਾਰਨਾ, ਬੈਂਤ ਜਾਂ ਚੂੰਢੀ ਕਦੇ ਨਹੀ ਵਰਤੇ ਜਾਂਦੇ। ਵਿਦਿਆਰਥੀਆਂ ਦੀ ਵਿਵਹਾਰ ਬਾਰੇ ਉਮੀਦ ਤੇ ਦੁਰ -ਵਿਹਾਰ ਦੇ ਨਤੀਜਿਆਂ ਬਾਰੇ ਸਮਝ ਨੂੰ ਸਲਾਹ-ਮਸ਼ਵਰਾ, ਮਾਡਲਿੰਗ ਅਤੇ ਉਚਿਤ ਕਾਰਵਾਈਆਂ ਦੇ ਸਕਾਰਾਤਮਕ ਸੁਧਾਰਾਂ ਰਾਹੀਂ ਸਮਝਾਇਆ ਜਾਂਦਾ ਹੈ।

## ਲਾਇਬ੍ਰੇਰੀ



ਵਿਦਿਆਰਥੀ ਲਾਇਬਰੇਰੀ ਤੋਂ ਕਿਤਾਬਾਂ ਉਧਾਰ ਲੈ ਕੇ ਪੜ੍ਹਨ ਲਈ ਘਰ ਲੈ ਜਾ ਸਕਦੇ ਹਨ। ਉਹਨਾਂ ਨੂੰ ਬਾਅਦ ਵਿੱਚ ਇਹਨਾਂ ਨੂੰ ਵਾਪਸ ਕਰਨਾ ਚਾਹੀਦਾ ਹੈ:

☐ 1 ਹਫਤੇ.

☐ 2 ਹਫਤੇ.

ਕਿਰਪਾ ਕਰਕੇ ਇਸ ਵਿੱਚ ਨਾ ਲਿਖੋ। ਜੇ ਕਿਤਾਬ ਗੁਆਚ ਜਾਂਦੀ ਹੈ ਜਾਂ ਖਰਾਬ ਹੋ ਜਾਂਦੀ ਹੈ, ਤੁਹਾਨੂੰ ਸ਼ਾਇਦ ਇਸ ਦਾ ਭੁਗਤਾਨ ਕਰਨ ਲਈ ਕਿਹਾ ਜਾ ਸਕਦਾ ਹੈ।

## ਕੀਮਤੀ ਵਸਤਾਂ

ਇਹ ਸਲਾਹ ਦਿੱਤੀ ਜਾਂਦੀ ਹੈ ਕਿ ਬੱਚੇ ਸਕੂਲ ਵਿਚ ਕੀਮਤੀ ਚੀਜ਼ਾਂ ਨਾ ਲਿਆਉਣ, ਉਦਾਹਰਣ ਵਜੋਂ, ਮੋਬਾਈਲ ਫੋਨ, ਆਈਪੌਡ ਅਤੇ ਵੱਡੀ ਮਾਤਰਾ ਵਿੱਚ ਪੈਸੇ। ਸਕੂਲ ਕਿਸੇ ਵੀ ਨੁਕਸਾਨ ਲਈ ਜ਼ਿੰਮੇਵਾਰ ਨਹੀਂ ਹੈ।



ਗੁਆਚੀ ਸੰਪੱਤੀ ਵਾਲੇ ਬਾਕਸ

## ਗੁੰਮ ਸਮਾਨ

ਜੇ ਤੁਹਾਡਾ ਬੱਚਾ ਸਕੂਲ ਵਿੱਚ ਕਿਸੇ ਵੀ ਸਮਾਨ ਨੂੰ ਗੁਆ ਲੈਂਦਾ ਹੈ, ਤਾਂ ਉਹ ਗੁਆਚੀ ਸੰਪੱਤੀ ਵਾਲੇ ਬਾਕਸ ਵਿੱਚ ਇਸ ਦੀ ਭਾਲ ਕਰ ਸਕਦੇ ਹਨ:

- ☐ ਫਰੰਟ ਆਫਿਸ ਵਿੱਚ।
- ☐ ਕੰਟੀਨ ਵਿਚ।
- ☐ ਆਈ.ਈ.ਐੱਲ.ਸੀ ਦਫ਼ਤਰ ਦੇ ਬਾਹਰ।
- ☐ ਲਾਇਬ੍ਰੇਰੀ ਵਿਚ।
- ☐ ਖੇਡ ਦੇ ਖੇਤਰ ਵਿਚ, ਜੇ.ਪੀ. ਵਿਚ।
- ☐ ਸਲਾਹਕਾਰ ਦੇ ਦਫਤਰ ਦੇ ਬਾਹਰ।

## ਲੇਬਲਿੰਗ

ਕਿਰਪਾ ਕਰਕੇ ਯਕੀਨੀ ਬਣਾਓ ਕਿ ਤੁਹਾਡੇ ਬੱਚੇ ਦੀਆਂ ਚੀਜ਼ਾਂ ਉਨ੍ਹਾਂ ਦੇ ਨਾਮ ਨਾਲ ਲੇਬਲ ਕੀਤੀਆਂ ਜਾਣ,ਜਿਵੇਂ ਕਿ ਖਾਣੇ ਵਾਲੇ ਡੱਬੇ, ਪਾਣੀ ਦੀ ਬੋਤਲ ਅਤੇ ਕੱਪੜੇ।

## ਪਹਿਰਾਵਾ

ਇਹ ਉਮੀਦ ਕੀਤੀ ਜਾਂਦੀ ਹੈ ਕਿ ਵਿਦਿਆਰਥੀ ਰੋਜ਼ ਸਕੂਲ ਦੀ ਵਰਦੀ ਪਹਿਨਣਗੇ। ਤੁਸੀਂ ਵਰਦੀ ਖਰੀਦ ਸੱਕਦੇ ਹੋ:

- ☐ ਸਕੂਲ ਵਿਚ।
- ☐ ਸ਼ਹਿਰ ਵਿਚ ਵਰਦੀਆ ਦੀ ਦੁਕਾਨ ਵਿਚ।
- ☐ Big W, Kmart ਜਾਂ Target ਤੋਂ।

ਇਹ ਜ਼ਰੂਰੀ ਹੈ ਕਿ ਵਿਦਿਆਰਥੀ ਰੋਜ਼ਾਨਾ ਮੌਸਮ ਦੇ ਹਿਸਾਬ ਨਾਲ ਢੁਕਵੇਂ ਕੱਪੜੇ ਪਾਉਣ,ਜਿਵੇਂ ਕਿ ਜੰਪਰ,ਪੂਰੀਆਂ ਪੈਂਟਾਂ ਤੇ ਠੰਡੇ ਅਤੇ ਬਾਰਸ਼ ਹੋਣ ਵੇਲੇ ਬੰਦ ਜੁੱਤੀਆਂ

## ਹੈਟ

ਸਾਡੇ ਧੁੱਪ ਵਾਲੇ ਦਿਨ ਦੀ ਨੀਤੀ ਹੈ ਜਿਸ ਲਈ ਸਕੂਲੀ ਟੋਪੀ ਪਹਿਨਣ ਦੀ ਲੋੜ ਹੁੰਦੀ ਹੈ। ਜੇਕਰ ਬਚੇ ਕੋਲ ਟੋਪੀ ਨਹੀ ਹੈ ਤਾਂ ਉਹਨਾਂ ਨੂੰ ਛਾਂਵੇ ਬੈਠਣਾ ਪਵੇਗਾ।

ਟੋਪੀ ਸਕੂਲ ਵਿਚ ਰਹਿੰਦੀ ਹੈ ਅਤੇ ਜਦੋਂ ਵੀ ਉਹ ਬਾਹਰ ਹੁੰਦੇ ਹਨ ਪਹਿਨਣ ਦੀ ਲੋੜ ਹੁੰਦੀ ਹੈ:

- ☐ ਸਾਲ ਦੇ ਦੌਰਾਨ ਕਦੇ ਵੀ।
- ☐ 1 ਅਤੇ 4 ਮਿਆਦ ਦੇ ਦੌਰਾਨ।
- ☐ 1, 3 ਅਤੇ 4 ਮਿਆਦ ਅਤੇ 2 ਮਿਆਦ ਵਿਚ ਜਦੋਂ ਯੂ.ਵੀ 3 ਤੇ ਜਿਆਦਾ ਹੁੰਦੀ ਹੈ।
- ☐ 1, 3 ਅਤੇ 4 ਮਿਆਦ ਦੌਰਾਨ।
- ☐ ਸਾਲ ਦੇ ਦੌਰਾਨ ਕਿਸੇ ਵੀ ਸਮੇਂ - ਜਦੋਂ ਯੂ.ਵੀ ਰੇਟਿੰਗ 3 ਅਤੇ ਇਸ ਤੋਂ ਉਪਰ ਹੁੰਦੀ ਹੈ।

ਸਕੂਲ ਹੈਟ

ਜੇ ਤੁਹਾਡਾ ਬੱਚਾ ਆਪਣੀ ਟੋਪੀ ਗੁਆ ਲੈਂਦਾ ਹੈ ਤਾਂ ਤੁਹਾਨੂੰ ਫਰੰਟ ਆਫਿਸ ਤੋਂ ਨਵੀਂ ਖਰੀਦਣੀ ਪਵੇਗੀ।

## ਸਕੂਲ ਲਈ ਢੁਕਵੇਂ ਕੱਪੜੇ

### *ਕੁੜਤਾ*



ਸਕੂਲ ਪੋਲੋ ਟੀ-ਸ਼ਰਟ



ਸਕੂਲ ਜੰਪਰ



ਸਕੂਲ ਟੀ-ਸ਼ਰਟ

### *ਪਜ਼ਾਮਾਂ*



ਪੂਰੀਆਂ ਪੈਂਟਾਂ



ਨਿਕਰਾਂ

### *ਡ੍ਰੈਸ*



ਸਕੂਲ ਡ੍ਰੈਸ

# ਭੋਜਨ ਅਤੇ ਪੋਸ਼ਣ

## ਛੋਟੀਆਂ ਬ੍ਰੇਕਾ



ਪੋਸ਼ਟਿਕ ਸਨੈਕ ਦੇ ਸੁਝਾ

ਬੱਚਿਆਂ ਛੋਟੀਆਂ ਬ੍ਰੇਕਾ ਲਈ ਛੋਟੇ ਛੋਟੇ ਸਨੈਕਸ, ਜਿਵੇਂ ਕਿ ਫਲ ਲਿਆਉਂਦੇ ਹਨ। ਅਸੀਂ ਬੱਚਿਆਂ ਨੂੰ ਪੂਰੇ ਦਿਨ ਪੀਣ ਲਈ ਪਾਣੀ ਦੀ ਇਕ ਬੋਤਲ ਲਿਆਉਣ ਲਈ ਉਤਸ਼ਾਹਿਤ ਕਰਦੇ ਹਾਂ।

## ਦੁਪਹਿਰ ਦਾ ਖਾਣਾ

ਬੱਚਿਆਂ ਨੂੰ ਦੁਪਹਿਰ ਦਾ ਖਾਣਾ ਘਰ ਤੋਂ ਲਿਆਉਣ ਪੈਂਦਾ ਹੈ। ਅਸੀਂ ਗੁਜਾਰਿਸ਼ ਕਰਦੇ ਹਾਂ ਕਿ ਵਿਦਿਆਰਥੀ ਸਕੂਲ ਨਰੋਆ ਭੋਜਨ ਲਿਆਉਣ। ਕਿਰਪਾ ਕਰਕੇ ਟੌਫਿਆ, ਸਾਫਟ ਡਰਿੰਕਸ, ਚੂਇੰਗਮ ਆਦਿ ਨਾ ਭੇਜੋ।

- ☐ ਉਹ ਕੈਂਟੀਨ ਤੋਂ ਦੁਪਹਿਰ ਦਾ ਭੋਜਨ ਵੀ ਮੰਗਵਾ ਸਕਦੇ ਹਨ। ਇਹ ਖੁੱਲ੍ਹੀ ਹੁੰਦੀ ਹੈ:
  - ☐ ਹਰ ਰੋਜ
  - ☐ ਮੰਗਲਵਾਰ ਅਤੇ ਬੁੱਧਵਾਰ ਨੂੰ
  - ☐ ਮੰਗਲਵਾਰ ਤੋਂ ਸ਼ੁੱਕਰਵਾਰ।
- ☐ ਉਹ ਸਥਾਨਕ ਦੁਕਾਨ ਤੋਂ ਵੀ ਦੁਪਹਿਰ ਦਾ ਭੋਜਨ ਮੰਗਵਾ ਸਕਦੇ ਹਨ
- ☐ ਬੱਚੇ ਸਕੂਲ ਦੁਆਰਾ ਮੁਹੱਈਆ ਕੀਤੇ ਜਾਂਦੇ ਬੈਗ ਤੇ ਆਪਣਾ ਆਡਰ ਲਿਖਦੇ ਹਨ ਅਤੇ ਪੈਸੇ ਅੰਦਰ ਪਾਉਂਦੇ ਹਨ।



ਪੋਸ਼ਟਿਕ ਖਾਨੇ ਦੇ ਸੁਝਾ

ਅਸੀਂ ਘਰ ਤੋਂ ਆਏ ਭੋਜਨ ਨੂੰ ਗਰਮ ਕਰਕੇ ਨਹੀਂ ਦੇ ਸਕਦੇ

## ਐਲਰਜੀ

ਜਿਵੇਂ ਕੁਝ ਵਿਦਿਆਰਥੀਆਂ ਨੂੰ ਗਿਰੀ ਤੋ ਐਲਰਜੀ ਹੈ, ਕ੍ਰਿਪਾ ਕਰਕੇ ਗਿਰੀਦਾਰ ਭੋਜਨ ਸਕੂਲ ਨਾਂ ਲਿਆਓ ਜਿਵੇਂ ਕਿ ਮੁਸਲੀ ਬਾਰ, ਨਟੈਲਾ, ਮੂੰਗਫਲੀ ਦੇ ਪੇਸਟ।

## ਮਾਪਿਆਂ ਦੀ ਸ਼ਮੂਲੀਅਤ

ਅਸੀਂ ਸਕੂਲ ਦੇ ਵਿਚ ਮਾਪਿਆਂ / ਦੇਖਭਾਲ ਕਰਨ ਵਾਲਿਆਂ ਦੀ ਸ਼ਮੂਲੀਅਤ ਦਾ ਸਵਾਗਤ ਕਰਦੇ ਹਾਂ। ਇਹ ਸਮਰਥਨ ਬਹੁਤ ਸਾਰੇ ਤਰੀਕਿਆਂ ਵਿਚ ਹੋ ਸਕਦਾ ਹੈ ਜਿਵੇਂ ਕਿ ਪੜ੍ਹਦੇ ਵੇਲੇ ਸੁਣਨਾ, ਸੈਰ-ਸਪਾਟੇ ਵਿਚ ਸਹਾਇਤਾ ਕਰਨਾ, ਕੰਮ ਦੇ ਸੈਸ਼ਨਾਂ ਵਿਚ ਸਹਾਇਤਾ ਕਰਨਾ। ਜੇ ਤੁਸੀਂ ਸਕੂਲ ਵਿਚ ਮਦਦ ਕਰਨਾ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਆਪਣੇ ਬੱਚੇ ਦੇ ਅਧਿਆਪਕ ਨੂੰ ਮਿਲੋ।

ਕਿਰਪਾ ਕਰਕੇ ਹੇਠਾਂ ਦਿੱਤੇ ਸੰਚਾਰ ਲਈ ਹਰ ਰਾਤ ਆਪਣੇ ਬੱਚੇ ਦੀ ਬੈਗ ਦੀ ਜਾਂਚ ਕਰੋ।

## ਪਾਠਕ

ਪਾਠਕ ਹਰ ਦਿਨ ਘਰ ਭੇਜੇ ਜਾਣਗੇ। ਇਹ ਜ਼ਰੂਰੀ ਹੈ ਕਿ ਤੁਹਾਡਾ ਬੱਚਾ ਹਰ ਰਾਤ ਕਿਸੇ ਨੂੰ ਪੜ੍ਹਕੇ ਸੁਣਾਵੇ। ਕਿਰਪਾ ਕਰਕੇ ਯਕੀਨੀ ਬਣਾਓ ਕਿ ਤੁਹਾਡੇ ਬੱਚੇ ਦਾ ਪਾਠਕ ਹਰ ਰੋਜ਼ ਸਕੂਲ ਵਿੱਚ ਵਾਪਸ ਭੇਜਿਆ ਜਾਵੇ।

## ਘਰ ਦਾ ਕੰਮ

ਘਰ ਦੇ ਕੰਮ ਦੀਆਂ ਆਸਾਂ ਵੱਖਰੀਆਂ ਹੁੰਦੀਆਂ ਹਨ ਅਧਿਆਪਕ ਵਿਦਿਆਰਥੀ ਦੀ ਉਮਰ, ਯੋਗਤਾ, ਅੰਗਰੇਜ਼ੀ ਦੇ ਪੱਧਰ, ਪਰਿਵਾਰਕ ਸਹਾਇਤਾ ਅਤੇ ਸ੍ਰੋਤ ਬਾਰੇ ਸੋਚਦੇ ਹਨ। ਜੇ ਹੋਮਵਰਕ ਬਾਰੇ ਕੋਈ ਚਿੰਤਾਵਾਂ ਹਨ ਤਾਂ ਕਿਰਪਾ ਕਰਕੇ ਆਪਣੇ ਬੱਚੇ ਦੇ ਅਧਿਆਪਕ ਨਾਲ ਗੱਲ ਕਰੋ।

# ਸਮਾਚਾਰ ਪਤਰ ਤੇ ਨੋਟਸ

ਸਕੂਲ ਦਾ ਸਮਾਚਾਰ ਪਤਰ ਘਰ ਭੇਜਿਆ ਜਾਂਦਾ ਹੈ:

- ਹਰ ਪੰਦਰਵਾੜੇ।
- ਹਰ ਮਹੀਨੇ।
- ਮਿਆਦ ਵਿਚ ਦੋ ਵਾਰੀ
- ਹਰ ਮਿਆਦ ਵਿਚ 3 ਵਾਰੀ।

ਹੋਰ ਸੂਚਨਾਵਾਂ ਵੀ ਘਰ ਭੇਜਿਆਂ ਜਾ ਸਕਦਿਆਂ ਹਨ ਜਿਵੇਂ ਸੈਰ-ਸਪਾਟਾ, ਛੇਤੀ ਬੰਦ ਹੋਣਾ, ਸਕੂਲ ਬੰਦ ਆਦਿ। ਕੁਝ ਨੋਟਸ ਤੇ ਸਕੂਲ ਵਾਪਸ ਆਉਣ ਤੋਂ ਪਹਿਲਾਂ ਦਸਤਖ਼ਤ ਦੀ ਲੋੜ ਹੋ ਸਕਦੀ ਹੈ।

# ਡਾਇਰੀਆਂ / ਸੰਚਾਰ ਕਿਤਾਬਾਂ

ਕਈ ਵਾਰ ਤੁਹਾਡੇ ਬੱਚੇ ਦਾ ਅਧਿਆਪਕ ਉਹਨਾਂ ਦੀ ਸੰਚਾਰ ਕਿਤਾਬ ਜਾਂ ਡਾਇਰੀ ਵਿਚ ਤੁਹਾਡੇ ਲਈ ਇਕ ਨੋਟ ਲਿਖ ਸਕਦਾ ਹੈ।ਤੁਸੀ ਇਸ ਨੂੰ ਆਪਣੇ ਬੱਚੇ ਦੇ ਅਧਿਆਪਕ ਨੂੰ ਨੋਟ ਲਿਖਣ ਲਈ ਵੀ ਵਰਤ ਸਕਦੇ ਹੋ।

ਸੰਚਾਰ ਵਾਸਤੇ ਡਾਇਰੀ

ਵਿਦਿਆਰਥੀ ਆਪਣੀ ਡਾਇਰੀ ਦੀ ਵਰਤੋਂ ਹੋਮਵਰਕ ਲਿਖਣ ਅਤੇ ਉਨ੍ਹਾਂ ਚੀਜ਼ਾਂ ਨੂੰ ਨੋਟ ਕਰਨ ਲਈ ਕਰਦੇ ਹਨ ਜਿਹਨਾਂ ਦੀ ਉਹਨਾਂ ਨੂੰ ਯਾਦ ਰਖਣ ਦੀ ਲੋੜ ਹੈ।

## ਮਾਪਿਆਂ / ਸੰਭਾਲ ਦੇਣ ਵਾਲਿਆਂ ਨੂੰ ਰਿਪੋਰਟ ਕਰਨਾ




ਅਧਿਆਪਕ ਤੁਹਾਡੇ ਬੱਚੇ ਦੀ ਸਿੱਖਣ ਦੀ ਪ੍ਰਗਤੀ ਬਾਰੇ ਰਿਪੋਰਟ ਕਰਨਗੇ।

- ਮਾਤਾ-ਪਿਤਾ / ਅਧਿਆਪਕ / ਵਿਦਿਆਰਥੀ ਦੀ ਇੰਟਰਵਿਊ ਸਾਲ ਵਿਚ ਇਕ ਵਾਰੀ ਰਖੀ ਜਾਂਦੀ ਹੈ। ਲੋੜ ਪੈਣ ਤੇ ਦੁਭਾਸ਼ੀਏ ਉਪਲਬਧ ਹੋਣਗੇ।
- ਤੁਹਾਡੇ ਬੱਚੇ ਦੇ ਪ੍ਰੋਗ੍ਰਾਮ ਤੋਂ ਬਾਹਰ ਆਉਣ ਤੇ ਇੱਕ ਲਿਖਤੀ ਰਿਪੋਰਟ ਭੇਜੀ ਜਾਂਦੀ ਹੈ।
- ਜਦੋਂ ਲੋੜ ਹੋਵੇ ਤਾਂ ਫੋਨ ਕਾਲਾਂ ਅਤੇ ਹੋਰ ਸਮਾਂ ਬਨਿਆ ਜਾਂਦਾ ਹੈ।

## ਸਕੂਲ ਦੀਆਂ ਫੀਸਾਂ

ਸਕੂਲ ਦੀ ਫੀਸ ਸਕੂਲ ਦਰ ਸਕੂਲ ਤਕ ਵੱਖਰੀ ਹੁੰਦੀ ਹੈ। ਸਕੂਲ ਦੀ ਫੀਸ (ਜਾਂ 'ਸਮੱਗਰੀ ਅਤੇ ਸੇਵਾਵਾਂ ਦੇ ਖ਼ਰਚੇ')
ਗਵਰਨਿੰਗ ਕੌਂਸਲ ਦੁਆਰਾ ਨਿਰਧਾਰਤ ਕੀਤੇ ਜਾਂਦੇ ਹਨ ਅਤੇ ਸਟੇਸ਼ਨਰੀ, ਛਪਾਈ ਕੀਤੀ ਸਮੱਗਰੀ, ਕਲਾ ਅਤੇ ਕਰਾਫਟ ਸਪਲਾਈ ਅਤੇ ਸੇਵਾਵਾਂ ਦੀ ਵਰਤੋਂ ਜਿਵੇਂ ਕਿ ਲਾਇਬ੍ਰੇਰੀ, ਤਕਨਾਲੋਜੀ ਅਤੇ ਖੇਡ ਉਪਕਰਣ ਲਈ ਭੁਗਤਾਨ ਕਰਦੀ ਹੈ।

## ਸਕੂਲ ਕਾਰਡ




ਜੇ ਤੁਹਾਡੇ ਕੋਲ ਸੈਂਟਰਿਲਿੰਕ ਕਨਸੈਸ਼ਨ ਕਾਰਡ ਹੈ, ਤਾਂ ਹੋ ਸਕਦਾ ਹੈ ਕਿ ਤੁਹਾਡਾ ਪਰਿਵਾਰ ਸਰਕਾਰ ਤੋਂ ਵਿੱਤੀ ਸਹਾਇਤਾ ਪ੍ਰਾਪਤ ਕਰਨ ਦੇ ਯੋਗ ਹੋਵੇ। ਇਸ ਸਹਾਇਤਾ ਨੂੰ ਸਕੂਲ ਕਾਰਡ ਕਿਹਾ ਜਾਂਦਾ ਹੈ।

ਸਕੂਲੀ ਕਾਰਡ ਦੀ ਵਰਤੋਂ ਸਕੂਲ ਦੀ ਲਾਗਤ ਅਤੇ ਸੇਵਾਵਾਂ ਦੇ ਖ਼ਰਚੇ ਦਾ ਭੁਗਤਾਨ ਕਰਨ ਲਈ ਕੀਤੀ ਜਾਂਦੀ ਹੈ। ਇਹ ਸਕੂਲ ਵਰਦੀ, ਯਾਤਰਾਵਾਂ ਜਾਂ ਵਿਸ਼ੇਸ਼ ਸਮਾਗਮਾਂ ਲਈ ਭੁਗਤਾਨ ਨਹੀਂ ਕਰਦਾ ਹੈ।

ਜੇ ਤੁਹਾਡੇ ਕੋਲ ਇਕ ਹੈ, ਤਾਂ ਕਿਰਪਾ ਕਰਕੇ ਜਿੰਨੀ ਛੇਤੀ ਹੋ ਸਕੇ ਆਪਣਾ ਸੈਂਟਰਲਿੰਕ ਕਨਸੈਸ਼ਨ ਕਾਰਡ ਅਤੇ ਵੀਜ਼ਾ ਸਕੂਲ ਲਿਆਓ।

## ਇੰਡੈਕਸ


| | ਪੰਨਾ ਨੰਬਰ |
|---|---|
| ਸਕੂਲ ਨਾਲ ਸੰਪਰਕ ਕਰਨ ਦੇ ਵੇਰਵੇ | **1** |
| ਦੱਖਣੀ ਆਸਟ੍ਰੇਲੀਆ ਵਿੱਚ ਇੰਨਟੈਨਸਿਵ ਇੰਗਲਿਸ਼ ਪ੍ਰੋਗਰਾਮ ਅਤੇ ਨਵੇਂ ਆਉਣ ਵਾਲੇ ਲੋਕਾਂ ਵਾਸਤੇ ਪ੍ਰੋਗਰਾਮ ਬਾਰੇ | **2** |
| ਉਦੇਸ਼ | 2 |
| ਰਹਿਣ ਦਾ ਸਮਾਂ | 3 |
| ਜਮਾਤ ਨਿਰਧਾਰਤ ਕਰਨਾ | 3 |
| ਤਬਦੀਲੀ | 3 |
| ਪਾਠਕ੍ਰਮ | 3 |
| ਪੜ੍ਹਾਉਣਾ ਤੇ ਮੁਲਾਂਕਣ ਕਰਨਾ | 3 |
| ਦੋਭਾਸ਼ੀ ਸਕੂਲ ਸੇਵਾ ਅਧਿਕਾਰੀ | 4 |
| ਸੈਰ-ਸਪਾਟਾ ਅਤੇ ਸਕੂਲ ਦੇ ਪ੍ਰੋਗਰਾਮ | 4 |
| ਆਵਾਜਾਈ | 4 |
| ਸਕੂਲ ਬਾਰੇ ਜਾਣਕਾਰੀ | **4** |
| ਸਕੂਲ ਦਾ ਸਮਾਂ | 4 |
| ਘੰਟੀ ਵਜਣ ਦਾ ਸਮਾਂ | 4 |
| ਹਾਜ਼ਰੀ / ਗੈਰਹਾਜ਼ਰੀ | 5 |
| ਲੇਟਪਨ ਜਾਂ ਜਲਦੀ ਜਾਣਾ | 5 |
| ਮੈਦਾਨ ਚ ਨਿਗਰਾਨੀ | 5 |

| | ਪੰਨਾ ਨੰਬਰ |
|---|---|
| **ਵਿਦਿਆਰਥੀਆਂ ਦੀ ਸਿਹਤ ਅਤੇ ਸੁਰੱਖਿਆ** | **5** |
| ਬਚਿਆਂ ਲਈ ਸੁਰੱਖਿਅਤ ਵਾਤਾਵਰਨ | 5 |
| ਐਮਰਜੈਂਸੀ ਪ੍ਰਕਿਰਿਆਵਾਂ | 5 |
| ਜੂਆਂ | 5 |
| ਗਰਮ ਜਾਂ ਨਮ ਮੌਸਮ | 6 |
| ਬਿਮਾਰੀ/ ਸਟ | 6 |
| ਛੂਤ ਦੀਆਂ ਬਿਮਾਰੀਆਂ | 6 |
| ਦਵਾਇਆਂ | 6 |
| ਸਕੂਲ ਵਿਚ ਦੰਦਾਂ ਦਿਆਂ ਸੇਵਾਂਵਾ | 7 |
| ਟੀਬੀ ਦੀ ਜਾਂਚ | 7 |
| **ਸਕੂਲ ਦੀਆਂ ਪ੍ਰਕਿਰਿਆਵਾਂ** | **8** |
| ਰਵੱਈਏ ਦੀ ਉਮੀਦ | 8 |
| ਲਾਇਬ੍ਰੇਰੀ | 8 |
| ਕੀਮਤੀ ਵਸਤਾਂ | 8 |
| ਗੁੰਮ ਸਮਾਨ | 9 |
| ਲੇਬਲਿੰਗ | 9 |
| ਪਹਿਰਾਵਾ | 9 |
| ਹੈਟ | 9 |
| ਸਕੂਲ ਲਈ ਢੁਕਵੇਂ ਕੱਪੜੇ | 9 |
| **ਭੋਜਨ ਅਤੇ ਪੋਸ਼ਣ** | **10** |
| ਛੋਟੀਆਂ ਬ੍ਰੇਕਾ | 10 |
| ਦੁਪਹਿਰ ਦਾ ਖਾਣਾ | 10 |
| ਐਲਰਜੀ | 10 |
| **ਮਾਪਿਆਂ ਦੀ ਸ਼ਮੂਲੀਅਤ** | **10** |
| ਪਾਠਕ | 10 |
| ਘਰ ਦਾ ਕੰਮ | 10 |
| ਸਮਾਚਾਰ ਪਤਰ ਤੇ ਨੋਟਸ | 10 |
| ਡਾਇਰੀਆਂ / ਸੰਚਾਰ ਕਿਤਾਬਾਂ | 10 |
| ਮਾਪਿਆਂ / ਸੰਭਾਲ ਦੇਣ ਵਾਲਿਆਂ ਨੂੰ ਰਿਪੋਰਟ ਕਰਨਾ | 11 |
| **ਸਕੂਲ ਦੀਆਂ ਫੀਸਾਂ** | **11** |
| ਸਕੂਲ ਕਾਰਡ | 11 |